ਡਾਇਰੈਕਟਰ ਜਨਰਲ ਸਕੂਲ ਸਿੱਖਿਆ, ਪੰਜਾਬ ਅਤੇ ਸਟੇਟ ਪ੍ਰੋਜੈਕਟ ਡਾਇਰੈਕਟਰ,
ਸਰਵ ਸਿੱਖਿਆ ਅਭਿਆਨ ਅਥਾਰਟੀ, ਪੰਜਾਬ,
ਐਸ ਸੀ ਓ-104-106, ਸੈਕਟਰ- 34 ਏ, ਚੰਡੀਗੜ੍ਹ
ਫੋਨ ਨੰ: 2623207, 2621106, 2624673, ਫੈਕਸ ਨੰ: 2624687, 2323206
**ਈ.ਮੇਲ : ssapunjab.mis@gmail.com**

---

ਸੇਵਾ ਵਿੱਖੇ,

ਸਮੂਹ ਜਿਲ੍ਹਾ ਸਿੱਖਿਆ ਅਫਸਰ, (ਸੈ.ਸਿ.),
ਸਮੂਹ ਜਿਲ੍ਹਾ ਸਿੱਖਿਆ ਅਫਸਰ, (ਐ.ਸਿ.),
ਪੰਜਾਬ

ਮੀਮੋ ਨੰ : 13/2-2010/ਸ.ਸ.ਅ./ਐਮ.ਆਈ.ਐਸ/ਡਾਈਜ਼/**66724**
ਮਿਤੀ : ਚੰਡੀਗੜ੍ਹ 26 ਅਕਤੂਬਰ, 2010

**ਵਿਸ਼ਾ:** **ਡਾਈਜ਼ ਸਰਵੇ 2010-11 ਸਬੰਧੀ।**

1. ਉਪਰੋਕਤ ਵਿਸ਼ੇ ਸਬੰਧੀ ਆਪ ਜੀ ਨੂੰ ਦੱਸਿਆ ਜਾਂਦਾ ਹੈ ਕਿ ਸਮੂਹ ਬੀ.ਆਰ.ਪੀ., ਬੀ.ਪੀ.ਸੀ. ਅਤੇ ਏ.ਬੀ.ਸੀ. ਵਲੋਂ ਡਾਈਜ਼ ਸਰਵੇ 2010-11 ਸਬੰਧੀ ਸਕੂਲਾਂ ਵਿਚ ਜਾ ਕੇ ਆਪ ਡਾਈਜ਼ ਪ੍ਰਫਾਰਮੇ ਭਰਵਾਏ ਜਾ ਰਹੇ ਹਨ। ਬਲਾਕ ਅਧੀਨ ਆਉਂਦੇ ਸਾਰੇ ਸਕੂਲ ਇਨ੍ਹਾਂ ਅਧਿਕਾਰੀਆਂ ਵਿਚ ਬਰਾਬਰ ਵੰਡੇ ਗਏ ਹਨ ਤਾਂ ਜੋ ਡਾਈਜ਼ ਸਰਵੇ ਦਾ ਕੰਮ ਸਮੇਂ ਸਿਰ ਮੁਕੰਮਲ ਹੋ ਸਕੇ।
2. ਇਹ ਆਮ ਦੇਖਣ ਵਿਚ ਆਇਆ ਹੈ ਕਿ ਇਨ੍ਹਾ ਅਧਿਕਾਰੀਆਂ ਨੂੰ ਜਿਲ੍ਹਾ ਸਿੱਖਿਆ ਅਫਸਰ (ਐ.ਸਿ.) ਜਾ (ਸੈ.ਸਿ.) ਦੇ ਦਫਤਰ ਵਿਚ ਮੀਟਿੰਗਾਂ ਦੇ ਨਾ ਤੇ ਬਾਰ ਬਾਰ ਬੁਲਾਇਆ ਜਾਂਦਾ ਹੈ। ਅਜਿਹਾ ਕਰਨ ਨਾਲ ਡਾਈਜ਼ ਸਰਵੇ ਦਾ ਕੰਮ ਕਾਫੀ ਹੌਲੀ ਹੋ ਜਾਂਦਾ ਹੈ। ਆਪ ਜੀ ਨੂੰ ਇਹ ਹਦਾਇਤ ਕੀਤੀ ਜਾਂਦੀ ਹੈ ਕਿ ਇਨ੍ਹਾਂ ਅਧਿਕਾਰੀਆਂ ਨੂੰ ਤਾਂ ਹੀ ਜਿਲ੍ਹਾ ਦਫਤਰ ਵਿਚ ਬੁਲਾਇਆ ਜਾਵੇ ਜੇਕਰ ਕੋਈ ਅਤਿ ਜਰੂਰੀ ਕੰਮ ਹੈ। ਬਿਨਾ ਵਜਿਹ ਇਨ੍ਹਾਂ ਅਧਿਕਾਰੀਆਂ ਨੂੰ ਕਿਸੇ ਵੀ ਮੀਟਿੰਗ ਵਿਚ ਨਾ ਬੁਲਾਇਆ ਜਾਵੇ।
3. ਉਪਰੋਕਤ ਤੋਂ ਇਲਾਵਾ ਇਹ ਵੀ ਦੇਖਣ ਵਿਚ ਆਇਆ ਹੈ ਕਿ ਇਨ੍ਹਾਂ ਅਧਿਕਾਰੀਆਂ ਦੀ ਡਿਊਟੀ 8ਵੇਂ ਆਲ ਇੰਡੀਆ ਸਰਵੇ ਅਧੀਨ ਸਕੂਲਾਂ ਤੋਂ ਡਾਟਾ ਇੱਕਤਰ ਕਰਨ ਲਈ ਲਗਾਈ ਜਾ ਰਹੀ ਹੈ। ਡਾਈਜ਼ ਸਰਵੇ ਨੂੰ ਮੱਖ ਰਖਦੇ ਹੋਏ ਆਪ ਜੀ ਨੂੰ ਹਦਾਇਤ ਕੀਤੀ ਜਾਂਦੀ ਹੈ ਕਿ ਇਨ੍ਹਾਂ ਅਧਿਕਾਰੀਆਂ ਦੀਆਂ ਸੇਵਾਵਾਂ ਅਜਿਹੇ ਕੰਮਾਂ ਲਈ ਡਾਈਜ਼ ਸਰਵੇ ਖਤਮ ਹੋਣ ਤੋਂ ਬਾਅਦ ਹੀ ਲਈਆਂ ਜਾਣ।

**ਸਹੀ/-**
**ਡਾਇਰੈਕਟਰ ਜਨਰਲ ਸਕੂਲ ਸਿੱਖਿਆ, ਪੰਜਾਬ**